ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਸਰੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ

ਵੱਲ

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ ਅਤੇ ਐ.ਸਿ),
ਸਮੂਹ ਡਾਇਟ ਪ੍ਰਿੰਸੀਪਲ,
ਪੰਜਾਬ।

ਮੀਮੋ ਨੰ: ਐਸ.ਐਸ.ਏ/ਟੀ.ਟੀ/ਸਪੈਸ਼ਲ 1
ਮਿਤੀ,ਚੰਡੀਗੜ੍ਹ: 12 ਅਕਤੂਬਰ 2012

ਵਿਸ਼ਾ: **ਮਿਤੀ 17.10.2012 ਨੂੰ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਅਧਿਆਪਕਾਂ ਦੀਆਂ ਟ੍ਰੇਨਿੰਗਾਂ ਨੂੰ ਅੱਗੇ ਪਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ ਅਤੇ ਸਕੂਲ ਪ੍ਰੰਬਧਕ ਕਮੇਟੀਆਂ ਦੀ ਮੀਟਿੰਗ ਇਸ ਦਫ਼ਤਰ ਦੇ ਜਾਰੀ ਹੋਏ ਮੀਮੋ ਨੰ: ਸਸਅ/ਐਮਸੀ/2012/87057-59 ਮਿਤੀ ਚੰਡੀਗੜ੍ਹ 12 ਅਕਤੂਬਰ 2012 ਅਨੁਸਾਰ ਮਿਤੀ 17 ਅਕਤੂਬਰ 2012 ਨੂੰ ਦਿਨੇ 9.00 ਤੋਂ 12.00 ਵੱਜੇ ਤੱਕ ਰੱਖੀ ਗਈ ਹੈ। ਇਸ ਦਿਨ ਸਮੂਹ ਅਧਿਪਕਾਂ ਦਾ ਸਕੂਲਾਂ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ ਤਾਂ ਕਿ ਅਧਿਆਪਕ ਬੱਚੇ ਦੀ ਸਮੁੱਚੀ ਕਾਰਗੁਜ਼ਾਰੀ ਬਾਰੇ ਬੱਚਿਆਂ ਦੇ ਮਾਪਿਆਂ ਨਾਲ ਆਪਣੇ ਵਿਚਾਰ ਸਾਂਝੇ ਕਰ ਸਕਣ। ਇਸ ਕਰਕੇ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਅਧਿਆਪਕਾਂ ਦੀਆਂ ਚੱਲ ਰਹੀਆਂ ਕਿਸੇ ਕਿਸਮ ਦੀਆਂ ਟ੍ਰੇਨਿੰਗਾਂ ਇਸ ਦਿਨ ਮਿਤੀ 17 ਅਕਤੂਬਰ 2012 ਨੂੰ ਨਹੀਂ ਹੋਣਗੀਆਂ। ਮਿਤੀ 17 ਅਕਤੂਬਰ 2012 ਨੂੰ ਹੋਣ ਵਾਲੀ ਇਸ ਇਕ ਦਿਨ ਦੀ ਟ੍ਰੇਨਿੰਗ ਹੁਣ ਮਿਤੀ 31 ਅਕਤੂਬਰ 2012 ਨੂੰ ਹੋਵੇਗੀ।

ਸਹੀ/-
ਡਾਇਰੈਕਟਰ ਜਨਰਲ ਸਕੂਲ ਸਿੱਖਿਆ